# ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

# ਈ-ਗਵਰਨੈਂਸ ਪਾਲਸੀ

**ਉਦੇਸ਼:**

- ਕਾਲਜ ਦੇ ਕੰਮ-ਕਾਜ ਵਿੱਚ ਈ-ਗਵਰਨੈਂਸ ਨੂੰ ਲਾਗੂ ਕਰਨਾ
- ਕੰਮ-ਕਾਜ ਵਿੱਚ ਕੁਸ਼ਲਤਾ ਲਿਆਉਣਾ
- ਪਾਰਦਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨਾ
- ਕਾਲਜ ਦਾ ਕੰਮ-ਕਾਜ ਪੇਪਰ-ਲੈੱਸ ਪ੍ਰਣਾਲੀ ਹੇਠ ਲੈ ਕੇ ਆਉਣਾ
- ਵੱਖ-ਵੱਖ ਵਿਭਾਗਾਂ ਵਿੱਚ ਆਪਸੀ ਸੰਚਾਰ ਅਤੇ ਇੱਕ-ਦੂਜੇ ਨਾਲ ਸੰਚਾਰ ਨੂੰ ਆਨਲਾਈਨ ਕਰਨਾ
- ਜਾਣਕਾਰੀ ਤੱਕ ਆਸਾਨੀ ਨਾਲ ਪੁਹੰਚ
- ਕਾਲਜ ਦੀ ਗਲੋਬਲੀ ਪੱਧਰ ਤੇ ਦਿੱਖ ਨੂੰ ਬਰਕਰਾਰ ਰੱਖਣਾ

- ਕਾਲਜ ਵਿੱਚ ਸੁਰੱਖਿਅਤ ਅਤੇ ਕੰਮ-ਕਾਜ ਦੀ ਪ੍ਰੀਕਿਰਿਆ ਨੂੰ ਨਿਰੰਤਰ ਬਣਾਈ ਰੱਖਣ ਲਈ ਈ-ਗਵਰਨੈਂਸ ਨੂੰ ਲਾਗੂ ਕਰਨ ਅਤੇ ਵੱਧ ਤੋਂ ਵੱਧ ਖੇਤਰਾਂ ਨੂੰ ਇਸ ਦੇ ਅਧੀਨ ਲਿਆਓਣ ਲਈ ਯੋਜਨਾ ਬਣਾਈ ਗਈ ਹੈ।

- ਕਾਲਜ ਵਿੱਚ ਲਾਇਬਰੇਰੀ, ਵਿੱਤੀ-ਖਾਤਿਆਂ, ਪ੍ਰੀਕਿਰਿਆ ਆਦਿ ਪਹਿਲਾ ਹੀ ਈ-ਗਵਰਨੈਂਸ ਦੇ ਅੰਤਰਗਤ ਕੰਮ ਕਰ ਰਹੇ ਹਨ। ਹੁਣ ਕੁਝ ਨਵੇਂ ਖੇਤਰਾਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ ਜਿਸ ਲਈ ਯੋਜਨਾ ਤਿਆਰ ਕੀਤੀ ਗਈ ਹੈ।

## ਭਵਿੱਖ ਵਿੱਚ ਨਿਮਨਲਿਖਤ ਖੇਤਰਾਂ ਵਿੱਚ ਈ-ਗਵਰਨੈਂਸ ਨੂੰ ਲਾਗੂ ਕਰਨ ਦੀ ਯੋਜਨਾ ਹੈ:

- ਸੁਵਿਧਾ ਲਈ ਈ-ਗਵਰਨੈਂਸ ਯੋਜਨਾ ਨੂੰ ਵੱਖ-ਵੱਖ ਭਾਗਾਂ ਵਿੱਚ ਵੰਡਿਆ ਗਿਆ ਹੈ ਪਰ ਇਹ ਸਿਰਫ ਸਮਝਾਉਣ ਦੇ ਉਦੇਸ਼ ਲਈ ਹੈ।ਜੇਕਰ ਭਵਿੱਖ ਵਿੱਚ ਕਾਲਜ

ਦੀ ਪ੍ਰਬੰਧਕੀ ਕਮੇਟੀ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਕੁਝ ਹੋਰ ਖੇਤਰਾਂ ਨੂੰ ਵੀ ਇਸ ਯੋਜਨਾ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ ਤਾਂ ਉਸ ਕੋਲ ਇਹ ਅਧਿਕਾਰ ਰਾਖਵੇਂ ਹਨ।

## ਵੈੱਬਸਾਈਟ:

ਕਾਲਜ ਦੀ ਵੈੱਬਸਾਈਟ ਕਾਲਜ ਦੇ ਕੰਪਿਊਟਰ ਸਾਇੰਸ ਡਿਪਾਰਟਮੈਂਟ ਵੱਲੋਂ ਵਿਭਾਗ ਮੁਖੀ ਦੀ ਅਗਵਾਈ ਹੇਠ ਖੁਦ ਹੀ ਤਿਆਰ ਕੀਤੀ ਗਈ ਹੈ।ਮੌਜੂਦਾ ਸਮੇਂ ਇਸ ਉੱਪਰ ਅਕਾਦਮਿਕ, ਪ੍ਰਬੰਧਨ, ਇੰਨਫਰਾਸਟਰਕਚਰ, ਖੋਜ ਅਤੇ ਕਾਲਜ ਵੱਲੋਂ ਆਯੋਜਿਤ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਰਜ ਹੈ। AISHE, NIRF, ਸਲਾਨਾ ਰਿਪੋਰਟਾਂ, ਯੂਨੀਵਰਸਿਟੀ ਰਿਪੋਰਟਾਂ ਆਦਿ ਇਸ ਵੈੱਬਸਾਈਟ ਤੇ ਉਪਲਬਧ ਹਨ।ਇਸ ਵੈੱਬਸਾਈਟ ਉਪਰ ਜਾਰੀ ਕੀਤੀ ਗਈ ਜਾਣਕਾਰੀ ਵੱਖ-ਵੱਖ ਵਿਭਾਗਾਂ, ਦਫਤਰਾਂ ਅਤੇ ਪ੍ਰੋਗਰਾਮਾਂ ਦੇ ਸੰਚਾਲਕਾਂ ਨਾਲ ਤਾਲਮੇਲ ਤੋਂ ਬਾਅਦ ਦਰਜ ਕੀਤੀ ਜਾਦੀ ਹੈ।ਆਉਣ ਵਾਲੇ ਦਿਨਾਂ ਵਿੱਚ ਇਸ ਵੈੱਬਸਾਈਟ ਤੇ ਕਾਲਜ ਕਰਮਚਾਰੀਆਂ  ਅਤੇ ਵਿਦਿਆਰਥੀਆਂ ਦੀਆਂ ਛੁੱਟੀਆਂ, ਵਿਭਾਗਾਂ ਵਿਚਕਾਰ ਹੁੰਦਾ ਸੰਚਾਰ, ਆਨਲਾਈਨ ਸ਼ਿਕਾਇਤਾਂ ਅਤੇ ਇਹਨਾਂ ਦੇ ਹੱਲ ਸਬੰਧੀ ਰਿਕਾਰਡ ਦਰਜ ਕਰਨ ਦੀ ਯੋਜਨਾ ਹੈ।

## ਲਰਨਿੰਗ ਮਨੇਜ਼ਮੈਂਟ ਸਿਸਟਮ:

ਕਾਲਜ ਵੱਲੋਂ ਖੁਦ ਦਾ ਆਪਣਾ ਲਰਨਿੰਗ ਮੈਂਨਜਮੈਂਟ ਸਿਸਟਮ ਤਿਆਰ ਕੀਤਾ ਗਿਆ ਹੈ ਵਿਦਿਆਰਥੀ ਇਸ ਨੂੰ ਉਹਨਾਂ ਨੂੰ ਪ੍ਰਦਾਨ ਕੀਤੀ ਲੋਗਿਨ ਆਈ.ਡੀ ਅਤੇ ਪਾਸਵਰਡ ਦੀ ਸਹਾਇਤਾ ਨਾਲ ਖੋਲ ਸਕਦੇ ਹਨ। ਹਰ ਅਧਿਆਪਕ ਇਸ ਉੱਪਰ ਆਪਣੇ ਕੋਰਸ ਨਾਲ ਸਬੰਧਿਤ ਸਮੱਗਰੀ ਅਪਲੋਡ ਕਰਦਾ ਹੈ। ਇਸ ਉੱਪਰ ਅਧਿਆਪਕ ਸਟੱਡੀ-ਨੋਟਸ, ਪ੍ਰੈਜ਼ਨਟੇਸ਼ਨਜ਼ ਅਤੇ ਵੀਡੀਉ ਲੈਕਚਰ ਵੀ ਅਪਲੋਡ ਕਰ ਸਕਦੇ ਹਨ।ਆਉੁੰਦੇ ਦਿਨਾਂ ਵਿੱਚ ਇਸ ਉੱਪਰ ਵਿਦਿਆਰਥੀਆਂ ਨੂੰ ਦਿੱਤੇ ਟੈਸਟਾਂ ਅਤੇ ਪ੍ਰੋਜੈਕਟਾਂ ਨੂੰ ਵੀ ਸ਼ਾਮਿਲ ਕਰਨ ਦੀ ਯੋਜਨਾ ਹੈ।

## ਵਿਦਿਆਰਥੀਆਂ ਦਾਖਲਾ ਸਿਸਟਮ:

ਕਾਲਜ ਵੱਲੋਂ ਆਪਣੀ ਵੈੱਬਸਾਈਟ ਉੱਪਰ ਵਿਦਿਆਰਥੀਆਂ ਲਈ ਦਾਖਲਾ -ਪੋਰਟਲ ਸ਼ੁਰੂ ਕੀਤਾ ਗਿਆ ਹੈ। ਇਸ ਵੈੱਬਸਾਈਟ ਉੱਪਰ ਵਿਦਿਆਰਥੀਆਂ ਨੂੰ ਆਨ-ਲਾਈਨ

ਦਾਖਲਿਆਂ ਦੀ ਜਾਣਕਾਰੀ ਅਤੇ ਦਾਖਲਾ- ਸੁਵਿਧਾ ਪ੍ਰਦਾਨ ਕੀਤੀ ਗਈ ਹੈ।ਦਾਖਲੇ ਲਈ ਜ਼ਰੂਰੀ ਫਾਰਮ, ਇਸ ਦੀ ਪੜਤਾਲ ਕਰਨ, ਦਾਖਲੇ ਦੀ ਪ੍ਰਵਾਨਗੀ ਦੀ ਸੁਵਿਧਾ ਇਸ ਵਿੱਚ ਸ਼ਾਮਿਲ ਹੈ। ਦਾਖਲੇ ਤੋਂ ਬਾਅਦ ਵਿਦਿਆਰਥੀ ਨੂੰ ਫੀਸ ਦੀ ਆਨਲਾਈਨ ਅਦਾਇਗੀ ਲਈ ਲਿੰਕ ਪ੍ਰਦਾਨ ਕੀਤਾ ਗਿਆ ਹੈ ।ਇਸ ਲਿੰਕ ਰਾਹੀ ਐਸਡ- ਆਨ ਕੋਰਸਾਂ ਅਤੇ ਸਰਟੀਫਿਕੇਟ ਕੋਰਸਾਂ ਵਿੱਚ ਵੀ ਦਾਖਲਾ ਲਿਆ ਜਾ ਸਕਦਾ ਹੈ।

## ਅਕਾਊਂਟਸ

ਰੋਜ਼ਾਨਾ ਰਜਿਸਟਰ, ਕਲਾਸ ਰਜਿਸਟਰ, ਵਿਦਿਆਰਥੀਆਂ ਦੀ ਫੀਸ ਆਦਿ ਦਾ ਰਿਕਾਰਡ ਰੱਖਣ ਲਈ ਕਾਲਜ ਵਲੋਂ ਸਾਫਟਵੇਅਰ, 'ਉਡਾਨ' ਬਣਾਇਆ ਗਿਆ ਹੈ।ਕਾਲਜ ਕੋਲ ਐਕਸਿਸ ਬੈਂਕ ਦਾ ਗੇਟਵੇਅ ਉਪਲਬੱਧ ਹੈ।ਇਸ ਦੇ ਤਹਿਤ ਬੈਂਕ ਭਾਗੀਦਾਰਾਂ ਤੋਂ ਕਿਸੇ ਵੀ ਤਰਾਂ੍ਹ ਦਾ ਸਰਵਿਸ ਚਾਰਜ ਵਸੂਲ ਨਹੀਂ ਕਰਦਾ। ਵਿਦਿਆਰਥੀ ਡੈਬਿਟ ਕਾਰਡ, ਕਰੈਡਿਟ ਕਾਰਡ, ਨੈੱਟ-ਬੈਂਕਿੰਗ, ਯੂ.ਪੀ.ਆਈ ਦੀ ਵਰਤੋਂ ਦੁਆਰਾ ਫੀਸ ਦੀ ਅਦਾਇਗੀ ਕਰ ਸਕਦਾ ਹੈ।ਅਕਾਊਟਿੰਗ ਦੇ ਨਵੇਂ ਤਰੀਕਿਆਂ ਅਨੁਸਾਰ ਅਪਡੇਟ ਕਰਨਾ ਜ਼ਰੂਰੀ ਹੈ।

## ਲਾਇਬਰੇਰੀ:

ਲ਼ਾਇਬਰੇਰੀ ਦੇ ਕੰਮ-ਕਾਜ ਨੂੰ LIBSY’S ਸਾਫਟਵੇਅਰ ਜਿਸ ਵਿੱਚ ਬਾਰ-ਕੋਡਿੰਗ ਦੀ ਸੁਵਿਧਾ ਹੈ ਦੀ ਵਰਤੋਂ ਦੁਆਰਾ ਕੰਪਿਊਟਰਾਈਜ਼ ਕੀਤਾ ਗਿਆ ਹੈ।ਬਾਰ-ਕੋਡਿੰਗ ਵਾਲੇ ਆਈ-ਕਾਰਡ 'ਉਡਾਨ' ਦੀ ਵਰਤੋਂ ਰਾਹੀ ਤਿਆਰ ਕੀਤੇ ਗਏ ਹਨ।ਪੁਸਤਕਾਂ ਨੂੰ ਇਸ਼ੂ ਕਰਨ ਅਤੇ ਵਾਪਿਸ ਕਰਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ।WeBOPAC ਸਿਸਟਮ ਦੀ ਵਰਤੋਂ ਦੁਆਰਾ ਅਧਿਆਪਕ ਅਤੇ ਵਿਦਿਆਰਥੀ ਕਿਤੋਂ ਵੀ ਆਨਲਾਈਨ ਪੁਸਤਕ ਤੱਕ ਪਹੁੰਚ ਕਰ ਸਕਦੇ ਹਨ। ਕਾਲਜ ਵੱਲੋਂ NLIST ਦੀ ਵਰਤੋਂ ਈ-ਰਿਸੋਰਸਜ਼ ਲਈ ਕੀਤੀ ਜਾ ਰਹੀ ਹੈ।ਇਹਨਾਂ ਈ-ਰਿਸੋਰਸਜ਼ ਦੀ ਵਰਤੋਂ ਅਧਿਆਪਕ ਅਤੇ ਵਿਦਿਆਰਥੀ ਕਦੇ ਵੀ ਅਤੇ ਕਿਤੋਂ ਵੀ ਕਰ ਸਕਦੇ ਹਨ।

## ਪ੍ਰਬੰਧਕੀ ਸ਼ਾਖਾ:

ਕਾਲਜ ਵੱਲੋਂ ਅਗਲੇ ਦਿਨਾਂ ਵਿੱਚ 'ਉਡਾਨ' ਸਾਫਟਵੇਅਰ ਦੀ ਵਰਤੋਂ ਰਾਹੀਂ ਵੱਖ-ਵੱਖ ਵਿਭਾਗਾਂ ਦੇ ਆਪਸੀ ਸੰਚਾਰ ਅਤੇ ਜਾਣਕਾਰੀ ਦਾ ਅਦਾਨ-ਪ੍ਰਦਾਨ ਪੇਪਰ-ਲੈੱਸ ਕਰਨ

ਲਈ ਯਤਨ ਕੀਤੇ ਜਾ ਰਹੇ ਹਨ। ਵਿਦਿਆਰਥੀਆਂ ਲਈ ਵੱਖ-ਵੱਖ ਸੁਵਿਧਾਵਾਂ ਜਿਵੇਂ ਕਿ ਮਾਈਗ੍ਰੇਸ਼ਨ ਸਰਟੀਫਿਕੇਟ, ਰਿਹਾਇਸ਼ੀ ਪੱਤਰ, ਬੈਕਲਾਗ ਸਰਟੀਫਿਕੇਟ ਆਦਿ ਵੀ ਆਨਲਾਈਨ ਕਰਨ ਦੀ ਯੋਜਨਾ ਹੈ।

## ਐਲੂਮਨੀ:

ਕਾਲਜ ਦੇ ਐਲੂਮਨੀ ਮੈਂਬਰਾਂ ਦੇ ਆਪਸੀ ਰਿਸ਼ਤੇ ਤੇ ਸਹਿਯੋਗ ਨੂੰ ਵਧਾਉਣ ਲਈ ਇੱਕ ਵੱਖਰਾ 'ਐਲੂਮਨੀ-ਪੋਰਟਲ' ਸ਼ੁਰੂ ਕੀਤੇ ਜਾਣ ਦੀ ਯੋਜਨਾ ਹੈ ਜਿਸ ਵਿੱਚ ਰਜਿਸਟ੍ਰੇਸ਼ਨ ਕਰਾਉਣ, ਕਾਲਜ ਦੀਆਂ ਗਤੀਵਿਧੀਆਂ ਦੀ ਜਾਣਕਾਰੀ, ਪ੍ਰਮੁੱਖ ਐਲੂਮਨੀ ਮੈਂਬਰ, ਉਹਨਾਂ ਦੀਆਂ ਉਪਲਬਧੀਆਂ, ਫੀਡ-ਬੈਕ ਤੇ ਹੋਰ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।ਇਸ ਲਈ ਕਾਲਜ ਦੀ ਵੈੱਬਸਾਈਟ ਕਮੇਟੀ ਨੇ ਪ੍ਰੀਕਿਰਿਆ ਕਰ ਦਿੱਤੀ ਹੈ।ਇਸ ਨੂੰ ਬਹੁਤ ਜਲਦ ਕਾਲਜ ਦੀ ਵੈੱਬਸਾਈਟ ਨਾਲ ਮਿਲਾ ਦਿੱਤਾ ਜਾਏਗਾ।

## ਪ੍ਰੀਖਿਆਵਾਂ:

ਪੰਜਾਬੀ ਯੂਨੀਵਰਸਿਟੀ ਨੇ ਕਾਲਜਾਂ ਲਈ ਇਹ ਜ਼ਰੂਰੀ ਕਰ ਦਿੱਤਾ ਹੈ ਕਿ ਉਹ ਪ੍ਰੀਖਿਆਵਾਂ ਨਾਲ ਸਬੰਧਿਤ ਸਾਰੀਆਂ ਗਤੀਵਿਧੀਆਂ ਲਈ ਪ੍ਰੀਖਿਆ-ਪੋਰਟਲ ਦੀ ਵਰਤੋਂ ਕਰਨ। ਪ੍ਰੀਖਿਆ-ਫਾਰਮ ਭਰਨਾ, ਰੀ-ਐਵਲੂਏਸ਼ਨ ਫਾਰਮ, ਦਾਖਲਾ-ਪੱਤਰ ਦੀ ਕਾਪੀ ਹਾਸਿਲ ਕਰਨਾ, ਪ੍ਰੀਖਿਆ-ਪੱਤਰ ਪ੍ਰਾਪਤ ਕਰਨਾ, ਇੰਟਰਨਲ ਅਤੇ ਐਕਸਟਰਨਲ ਮੁੱਲਾਂਕਣ ਦੇ ਨੰਬਰਾਂ ਨੂੰ ਅੱਪਲੋਡ ਕਰਨਾ ਆਦਿ ਆਨਲਾਈਨ ਕੀਤਾ ਜਾ ਰਿਹਾ ਹੈ। ਇਸ ਨੂੰ ਪੂਰੀ ਤਰਾਂ੍ਹ ਨਾਲ ਪਾਰਦਰਸ਼ੀ ਅਤੇ ਗੁਪਤ ਰੱਖਿਆ ਜਾਂਦਾ ਹੈ।ਕਾਲਜ ਦਾ ਜਨਰਲ ਆਫਿਸ ਕਾਲਜ -ਪ੍ਰਿੰਸੀਪਲ ਦੀ ਅਗਵਾਈ ਹੇਠ ਪ੍ਰੀਖਿਆਵਾਂ ਨਾਲ ਸਬੰਧਿਤ ਇਹਨਾਂ ਸਾਰੀਆਂ ਗਤੀਵਿਧੀਆਂ ਦਾ ਪ੍ਰਬੰਧਨ ਕਰਦਾ ਹੈ।